# RUXIENCE®
## (rituximab)

ਨਾਲ ਤੁਹਾਡੀ ਜਾਣ-ਪਛਾਣ



PrRuxience® rituximab

Pfizer

# ਮੇਰੇ RUXIENCE ਇਲਾਜ ਦੀ ਸ਼ੁਰੂਆਤ

ਇਹ ਕਿਤਾਬਚਾ ਤੁਹਾਡੇ ਸਵਾਲਾਂ ਦੇ ਜਵਾਬ ਦੇਣ ਅਤੇ ਇਲਾਜ ਦਾ ਵੱਧ ਤੋਂ ਵੱਧ ਲਾਹਾ ਲੈਣ ਵਿੱਚ ਤੁਹਾਡੀ ਮਦਦ ਕਰਨ ਲਈ ਤਿਆਰ ਕੀਤਾ ਗਿਆ ਹੈ।


ਆਪਣੇ ਇਲਾਜ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰਨ ਲਈ ਇਹ ਜ਼ਰੂਰੀ ਹੈ ਕਿ ਇਸ ਕਿਤਾਬਚੇ ਨੂੰ ਪੜ੍ਹੋ ਅਤੇ ਇਸ ਨੂੰ ਕੋਲ ਰੱਖੋ। ਇਸਦੇ ਨਾਲ ਹੀ, ਆਪਣੀ ਸਿਹਤ ਸੰਭਾਲ ਟੀਮ ਨਾਲ ਇਸ ਬਾਰੇ ਇਮਾਨਦਾਰ ਹੋਣਾ ਜ਼ਰੂਰੀ ਹੈ ਕਿ ਤੁਸੀਂ ਇਲਾਜ 'ਤੇ ਕਿਵੇਂ ਪ੍ਰਤੀਕਿਰਿਆ ਕਰ ਰਹੇ ਹੋ। ਜਦੋਂ ਵੀ ਤੁਹਾਡੀ ਇਲਾਜ ਯੋਜਨਾ ਬਾਰੇ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾਂ ਹੋਣ ਤਾਂ ਉਹਨਾਂ ਨਾਲ ਗੱਲ ਕਰੋ।

## *RUXIENCE* ਕਿਸ ਲਈ ਵਰਤੀ ਜਾਂਦੀ ਹੈ?

RUXIENCE ਇੱਕ ਟੀਕੇ ਰਾਹੀਂ ਦਿੱਤੀ ਜਾਣ ਵਾਲੀ ਦਵਾਈ ਹੈ ਜਿਸਨੂੰ ਮੈਥੋਟਰੀਐਕਸੇਟ ਦੇ ਸੁਮੇਲ ਨਾਲ ਜੋੜਾਂ ਦੇ ਗਠੀਏ (ਰੂਮੇਟੋਇਡ ਆਰਥਾਰਾਇਟਸ ਜਾਂ RA) ਦੇ ਚਿੰਨ੍ਹਾਂ ਅਤੇ ਲੱਛਣਾਂ ਨੂੰ ਘੱਟ ਕਰਨ ਲਈ ਵਰਤਿਆ ਜਾਂਦਾ ਹੈ। ਗਲੂਕੋਕੋਰਟੀਕੋਇਡਜ਼ ਜਾਂ "ਸਟੀਰੋਇਡ ਦਵਾਈਆਂ" ਦੇ ਸੁਮੇਲ ਨਾਲ RUXIENCE ਨੂੰ ਪੋਲੀਐਂਜਾਈਟਿਸ (GPA, ਜਿਸਨੂੰ ਵੈਗੇਨਰਜ਼ ਗਰੈਨੂਲੋਮਾਟੋਸਿਸ ਵਜੋਂ ਵੀ ਜਾਣਿਆ ਜਾਂਦਾ ਹੈ) ਅਤੇ ਮਾਈਕ੍ਰੋਸਕੋਪਿਕ ਪੋਲੀਐਂਜਾਈਟਿਸ (MPA) ਦੇ ਨਾਲ ਤੀਬਰ ਗਰੈਨੂਲੋਮਾਟੋਸਿਸ ਨਾਲ ਜੁੜੀ ਸੋਜਸ਼ ਨੂੰ ਘੱਟ ਕਰਨ ਲਈ ਵੀ ਵਰਤਿਆ ਜਾਂਦਾ ਹੈ ਅਤੇ ਇਹ ਤੁਹਾਡੀ ਬਿਮਾਰੀ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਦਾ ਹੈ।

## *RUXIENCE* ਕਿਵੇਂ ਕੰਮ ਕਰਦੀ ਹੈ?

ਬੀ-ਸੈੱਲ ਪ੍ਰਤੀਰੋਧਤਾ ਪ੍ਰਣਾਲੀ ਦਾ ਇੱਕ ਮਹੱਤਵਪੂਰਨ ਤੱਤ ਹਨ, ਜੋ ਸਰੀਰ ਨੂੰ ਇਨਫੈਕਸ਼ਨ ਨਾਲ ਲੜਨ ਵਿੱਚ ਮਦਦ ਕਰਦੇ ਹਨ। ਪਰ, RA ਅਤੇ GPA/MPA ਵਰਗੀਆਂ ਬਿਮਾਰੀਆਂ ਵਿੱਚ, ਪ੍ਰਤੀਰੋਧਤਾ ਪ੍ਰਣਾਲੀ ਗੈਰ-ਸਾਧਾਰਨ ਤਰੀਕੇ ਨਾਲ ਕੰਮ ਕਰਦੀ ਹੈ। ਇਸਦਾ ਸਿੱਟਾ ਸਾਧਾਰਨ ਸਿਹਤਮੰਦ ਟਿਸ਼ੂ 'ਤੇ ਹਮਲੇ ਦੇ ਰੂਪ ਵਿੱਚ ਨਿਕਲ ਸਕਦਾ ਹੈ, ਜਿਵੇਂ ਕਿ ਜੋੜ। GPA/MPA ਦੇ ਮਰੀਜ਼ਾਂ ਵਿੱਚ, ਪ੍ਰਤੀਰੋਧਤਾ ਪ੍ਰਣਾਲੀ ਸਾਹ ਮਾਰਗ (ਸਾਈਨਸਾਂ, ਨੱਕ, ਸਾਹ ਨਾਲੀ [ਹਵਾ ਨਾਲੀ], ਅਤੇ ਫੇਫੜਿਆਂ), ਗੁਰਦਿਆਂ, ਅੱਖਾਂ, ਨਸਾਂ, ਅਤੇ ਚਮੜੀ 'ਤੇ ਹਮਲਾ ਕਰ ਸਕਦੀ ਹੈ।



RUXIENCE ਇੱਕ ਮੋਨੋਕਲੋਨਲ ਐਂਟੀਬਾਡੀ ਹੈ। ਐਂਟੀਬਾਡੀਜ਼ ਉਹ ਪ੍ਰੋਟੀਨ ਹੁੰਦੇ ਹਨ ਜੋ ਕਿਸੇ ਹੋਰ ਪ੍ਰੋਟੀਨ ਨਾਲ ਜੁੜਨ ਲਈ ਪੈਦਾ ਹੁੰਦੇ ਹਨ ਜਿਸਨੂੰ ਐਂਟੀਜਨ ਕਹਿੰਦੇ ਹਨ। RUXIENCE ਸਫੈਦ ਰਕਤ ਸੈੱਲ ਦੀ ਇੱਕ ਕਿਸਮ, B ਲਿੰਫੋਸਾਈਟ ਦੀ ਸਤਹਿ 'ਤੇ ਇੱਕ ਐਂਟੀਜਨ ਨਾਲ ਜੁੜਦੀ ਹੈ। ਜਦੋਂ RUXIENCE ਇਸ ਸੈੱਲ ਦੀ ਸਤਹਿ ਨਾਲ ਜੁੜਦੀ ਹੈ, ਤਾਂ ਇਸਦੇ ਸਿੱਟੇ ਵਜੋਂ ਸੈੱਲ ਦੀ ਮੌਤ ਹੋ ਜਾਂਦੀ ਹੈ।

## *RUXIENCE* ਦੀਆਂ ਕਿਹੜੀਆਂ ਵੰਨਗੀਆਂ ਉਪਲਬਧ ਹਨ?

RUXIENCE ਇੱਕ ਜਰਮ-ਰਹਿਤ ਤਰਲ ਘੋਲ਼ ਵਜੋਂ ਇੱਕ ਵਾਰ ਵਰਤੀਆਂ ਜਾਣ ਵਾਲੀਆਂ ਸ਼ੀਸ਼ੀਆਂ ਵਿੱਚ ਉਪਲਬਧ ਹੈ। ਇਹ ਦੋ ਤਾਕਤ ਵਾਲੀਆਂ ਵੰਨਗੀਆਂ ਵਿੱਚ ਉਪਲਬਧ ਹੈ:

**100 mg/10 mL (10 mg/mL)**




**500 mg/50 mL (10 mg/mL)**



# ਮੈਨੂੰ RUXIENCE ਕਿਵੇਂ ਦਿੱਤੀ ਜਾਵੇਗੀ?

RUXIENCE ਨੂੰ ਮੂੰਹ ਰਾਹੀਂ ਨਹੀਂ ਲਿਆ ਜਾਂਦਾ। ਇਸਨੂੰ ਤਰਲ ਪਦਾਰਥਾਂ ਨਾਲ ਇੱਕ ਨਸ ਲਾਈਨ ਰਾਹੀਂ ਦਿੱਤਾ ਜਾਂਦਾ ਹੈ। ਇੱਕ ਨਸ ਲਾਈਨ, ਜਾਂ I.V., ਇੱਕ ਪਤਲੀ, ਪਲਾਸਟਿਕ ਦੀ ਟਿਊਬ ਹੁੰਦੀ ਹੈ ਜਿਸਨੂੰ ਤੁਹਾਡੇ ਹੱਥ ਜਾਂ ਬਾਂਹ ਵਿੱਚ ਕਿਸੇ ਨਸ ਵਿੱਚ ਲਾਇਆ ਜਾਂਦਾ ਹੈ। ਜਦੋਂ RUXIENCE ਨੂੰ ਨਸ ਵਿੱਚ ਦਿੱਤਾ ਜਾਂਦਾ ਹੈ, ਤਾਂ ਇਸਨੂੰ ਇਨਫਿਊਜ਼ਨ ਕਿਹਾ ਜਾਂਦਾ ਹੈ।

ਤੁਹਾਡੇ ਕੇਸ ਦਾ ਧਿਆਨ ਨਾਲ ਅਧਿਐਨ ਕਰਨ ਦੇ ਬਾਅਦ ਤੁਹਾਡੇ ਡਾਕਟਰ ਨੇ RUXIENCE ਦੀ ਤਜਵੀਜ਼ ਕੀਤੀ ਹੈ। ਹੋ ਸਕਦਾ ਹੈ ਕਿ ਹੋਰਨਾਂ ਲੋਕਾਂ ਨੂੰ ਇਹ ਦਵਾਈ ਲੈਣ ਨਾਲ ਲਾਭ ਨਾ ਹੋਵੇ, ਚਾਹੇ ਉਹਨਾਂ ਦੀਆਂ ਡਾਕਟਰੀ ਸਮੱਸਿਆਵਾਂ ਤੁਹਾਡੀਆਂ ਸਮੱਸਿਆਵਾਂ ਵਰਗੀਆਂ ਹੀ ਲੱਗਦੀਆਂ ਹੋਣ।

ਇਸ ਤੋਂ ਪਹਿਲਾਂ ਕਿ ਇਨਫਿਊਜ਼ਨ ਦਿੱਤਾ ਜਾਵੇ, ਤੁਹਾਨੂੰ RUXIENCE ਕਾਰਨ ਸੰਭਾਵੀ ਪ੍ਰਤੀਕਿਰਿਆਵਾਂ ਨੂੰ ਰੋਕਣ ਜਾਂ ਘੱਟ ਕਰਨ ਲਈ ਦਵਾਈਆਂ ਦਿੱਤੀਆਂ ਜਾਣਗੀਆਂ।

*ਜੋੜਾਂ ਦੀਆਂ ਗਠੀਆ (ਰੂਮੇਟੋਇਡ ਆਰਥਾਰਾਇਟਸ)*
ਇਲਾਜ ਦਾ ਹਰੇਕ ਕੋਰਸ ਦੋ ਵੱਖਰੇ ਇਨਫਿਊਜ਼ਨਾਂ ਤੋਂ ਮਿਲਕੇ ਬਣਦਾ ਹੈ ਜਿੰਨ੍ਹਾਂ ਨੂੰ ਘੱਟੋ ਘੱਟ 2 ਹਫਤਿਆਂ ਦੇ ਫਰਕ 'ਤੇ ਦਿੱਤਾ ਜਾਂਦਾ ਹੈ। RUXIENCE ਨਾਲ ਇਲਾਜ ਦੇ ਕਈ ਕੋਰਸ ਸੰਭਵ ਹਨ। ਤੁਹਾਡੀ ਬਿਮਾਰੀ ਦੇ ਚਿੰਨ੍ਹਾਂ ਅਤੇ ਲੱਛਣਾਂ ਅਨੁਸਾਰ, ਤੁਹਾਡਾ ਡਾਕਟਰ ਇਹ ਫੈਸਲਾ ਕਰੇਗਾ ਕਿ ਤੁਹਾਨੂੰ ਵਧੇਰੇ RUXIENCE ਕਦੋਂ ਲੈਣੀ ਚਾਹੀਦੀ ਹੈ।

*ਪੋਲੀਐਂਜਾਈਟਿਸ/ਮਾਈਕਰੋਸਕੋਪਿਕ ਪੋਲੀਐਂਜਾਈਟਿਸ ਦੇ ਨਾਲ ਗਰੈਨੂਲੋਮਾਟੋਸਿਸ*
RUXIENCE ਨੂੰ 4 ਹਫਤਿਆਂ ਵਾਸਤੇ ਹਫਤਾਵਰੀ ਰੂਪ ਵਿੱਚ ਨਸ ਇਨਫਿਊਜ਼ਨ ਵਜੋਂ ਦਿੱਤਾ ਜਾਂਦਾ ਹੈ।



# ਮਹੱਤਵਪੂਰਨ ਸੁਰੱਖਿਆ ਜਾਣਕਾਰੀ

## *RUXIENCE ਲੈਣ ਤੋਂ ਪਹਿਲਾਂ, ਮੈਨੂੰ ਕੀ ਪਤਾ ਹੋਣਾ ਚਾਹੀਦਾ ਹੈ?*

ਜੇਕਰ ਤੁਹਾਨੂੰ rituximab ਜਾਂ ਅਜਿਹੇ ਹੀ ਮੂਲ ਦੇ ਪ੍ਰੋਟੀਨਾਂ ਤੋਂ ਐਲਰਜੀ ਹੈ ਜਾਂ RUXIENCE ਵਿਚਲੇ ਕਿਸੇ ਹੋਰ ਗੈਰ-ਮੈਡੀਕਲ ਅੰਸ਼ ਤੋਂ ਐਲਰਜੀ ਹੈ, ਜਾਂ ਜੇਕਰ ਤੁਹਾਨੂੰ ਕਦੇ ਵੀ ਦਿਮਾਗ ਦੀ ਬਹੁਤ ਘੱਟ ਹੋਣ ਵਾਲੀ ਇਨਫੈਕਸ਼ਨ ਹੋਈ ਹੈ ਜਿਸਨੂੰ ਪ੍ਰੋਗਰੈਸਿਵ ਮਲਟੀਫੋਕਲ ਲਿਊਕੋਇਨਸੈਫਲੋਪੈਥੀ (PML) ਕਹਿੰਦੇ ਹਨ ਤਾਂ RUXIENCE ਦੀ ਵਰਤੋਂ ਨਾ ਕਰੋ। ਗੰਭੀਰ ਮੌਜੂਦਾ ਇਨਫੈਕਸ਼ਨਾਂ ਵਾਲੇ ਮਰੀਜ਼ਾਂ ਵਿੱਚ Ruxience ਦੀ ਵਰਤੋਂ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ। RUXIENCE ਦੀ ਉਦੋਂ ਤੱਕ ਸਿਫਾਰਸ਼ ਨਹੀਂ ਕੀਤੀ ਜਾਂਦੀ ਜਦੋਂ ਤੱਕ ਮਰੀਜ਼ਾਂ ਦੇ ਔਸਤ-ਤੋਂ-ਤੀਬਰ ਜੋੜਾਂ ਦੇ ਗਠੀਏ (ਰੂਮੇਟੋਇਡ ਆਰਥਾਰਾਇਟਸ) ਨੂੰ TNF ਐਂਟਾਗੋਨਿਸਟਸ ਨਾਮਕਦਵਾਈਆਂ ਨਾਲ ਕੰਟਰੋਲ ਨਹੀਂ ਕੀਤਾ ਜਾਂਦਾ।

## *ਅਣਚਾਹੇ ਅਸਰਾਂ ਤੋਂ ਬਚਣ ਵਿੱਚ ਮਦਦ ਕਰਨ ਲਈ ਅਤੇ ਉਚਿਤ ਵਰਤੋਂ ਨੂੰ ਯਕੀਨੀ ਬਣਾਉਣ ਲਈ, RUXIENCE ਲੈਣ ਤੋਂ ਪਹਿਲਾਂ ਆਪਣੇ ਸਿਹਤ-ਸੰਭਾਲ ਪ੍ਰੋਫੈਸ਼ਨਲ ਨਾਲ ਗੱਲ ਕਰੋ*

ਸਕਦੀਆ ਕਿਸੇ ਵੀ ਸਿਹਤ ਅਵਸਥਾਵਾਂ ਜਾਂ ਸਮੱਸਿਆਵਾਂ ਬਾਰੇ ਗੱਲ ਕਰੋ, ਜੋ ਤੁਹਾਨੂੰ ਹੋ ਹਨ, ਜਿਸ ਵਿੱਚ ਸ਼ਾਮਲ ਹੈ ਜੇਕਰ:

- ਤੁਹਾਨੂੰ ਕਦੇ ਵੀ rituximab ਜਾਂ ਕਿਸੇ ਵੀ ਗੈਰ-ਮੈਡੀਕਲ ਅੰਸ਼ ਪ੍ਰਤੀ ਰੀਐਕਸ਼ਨ ਹੋਇਆ ਹੈ।
- ਤੁਹਾਨੂੰ ਹੋਰ ਦਵਾਈਆਂ, ਭੋਜਨ, ਜਾਂ ਡਾਈ ਤੋਂ ਐਲਰਜੀ ਹੈ।
- ਤੁਹਾਡਾ ਦਿਲ ਦੀ ਬਿਮਾਰੀ, ਦਿਲ ਦੇ ਦੌਰੇ, ਜਾਂ ਦੌਰੇ ਦਾ ਇਤਿਹਾਸ ਹੈ।
- ਤੁਸੀਂ ਕੋਈ ਹੋਰ ਦਵਾਈਆਂ ਲੈ ਰਹੇ ਹੋ (ਸਮੇਤ ਉਹਨਾਂ ਦਵਾਈਆਂ ਦੇ ਜਿੰਨ੍ਹਾਂ ਦੀ ਡਾਕਟਰ ਦੁਆਰਾ ਤਜਵੀਜ਼ ਨਹੀਂ ਕੀਤੀ ਗਈ)। ਜੇ ਤੁਸੀਂ ਕੋਈ ਹੋਰ ਜੈਵਿਕ ਦਵਾਈ ਲੈ ਰਹੇ ਹੋ ਜਿਸਨੂੰ TNF ਐਂਟਾਗੋਨਿਸਟ ਜਾਂ DMARD (ਬਿਮਾਰੀ ਨੂੰ ਸੋਧਣ ਵਾਲੀ ਗਠੀਆ ਵਿਰੋਧੀ (ਐਂਟੀ-ਰੂਮੇਟਿਕ) ਦਵਾਈ) ਕਹਿੰਦੇ ਹਨ। ਜੇ ਤੁਸੀਂ ਬਲੱਡ ਪ੍ਰੈਸ਼ਰ ਨੂੰ ਘਟਾਉਣ ਲਈ ਦਵਾਈ ਲੈ ਰਹੇ ਹੋ। ਜੇ ਤੁਸੀਂ ਆਪਣੀ RUXIENCE ਥੈਰੇਪੀ ਦੇ ਦੌਰਾਨ ਜਾਂ ਇਸਦੀ ਸਮਾਪਤੀ ਤੋਂ ਬਾਅਦ ਕਿਸੇ ਵੈਕਸੀਨ ਦੇ ਨਾਲ ਟੀਕਾਕਰਨ ਕਰਵਾਉਣ ਦੀ ਯੋਜਨਾ ਬਣਾ ਰਹੇ ਹੋ।
- ਤੁਹਾਨੂੰ ਪਹਿਲਾਂ ਤੋਂ ਹੀ ਫੇਫੜਿਆਂ ਦੀ ਬਿਮਾਰੀ ਹੈ ਕਿਉਂਕਿ ਤੁਹਾਡੇ RUXIENCE ਇਲਾਜ ਦੇ ਇਨਫਿਊਜ਼ਨ ਦੌਰਾਨ ਤੁਹਾਨੂੰ ਸਾਹ ਲੈਣ ਵਿੱਚ ਮੁਸ਼ਕਿਲਾਂ ਹੋਣ ਦੀ ਵਧੇਰੇ ਸੰਭਾਵਨਾ ਹੋ ਸਕਦੀ ਹੈ।
- ਤੁਹਾਡਾ ਹੈਪੇਟਾਈਟਸ ਬੀ ਇਨਫੈਕਸ਼ਨ ਦਾ ਇਤਿਹਾਸ ਹੈ ਜਾਂ ਮੌਜੂਦਾ ਹੈਪੇਟਾਈਟਸ ਬੀ ਇਨਫੈਕਸ਼ਨ ਹੈ।
- ਤੁਹਾਡਾ ਬਹੁਤ ਲੰਬੇ ਸਮੇਂ ਤੋਂ ਜਾਂ ਵਾਰ-ਵਾਰ ਹੋਣ ਵਾਲੀ ਇਨਫੈਕਸ਼ਨ ਦਾ ਇਤਿਹਾਸ ਹੈ।
- ਤੁਸੀਂ ਗਰਭਵਤੀ ਹੋ, ਗਰਭਵਤੀ ਹੋਣ ਦੀ ਯੋਜਨਾ ਬਣਾ ਰਹੇ ਹੋ, ਜਾਂ ਕਿਸੇ ਬੱਚੇ ਨੂੰ ਆਪਣਾ ਦੁੱਧ ਪਿਲਾ ਰਹੇ ਹੋ।

ਇਹ ਜਾਣਕਾਰੀ ਤੁਹਾਡੇ ਡਾਕਟਰ ਅਤੇ ਤੁਹਾਨੂੰ ਇਹ ਫੈਸਲਾ ਕਰਨ ਵਿੱਚ ਮਦਦ ਕਰੇਗੀ ਕਿ ਕੀ ਤੁਹਾਨੂੰ RUXIENCE ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਜਦੋਂ ਤੁਸੀਂ ਦਵਾਈ ਲੈ ਰਹੇ ਹੋਵੋਂ ਤਾਂ ਕਿਹੜੀ ਵਾਧੂ ਸੰਭਾਲ ਕਰਨ ਦੀ ਲੋੜ ਪੈ ਸਕਦੀ ਹੈ।

# ਮਹੱਤਵਪੂਰਨ ਸੁਰੱਖਿਆ ਜਾਣਕਾਰੀ

## *RUXIENCE ਦੇ ਸੰਭਾਵਿਤ ਅਣਚਾਹੇ ਅਸਰ ਕੀ ਹਨ?*

ਇਹ ਉਹ ਸਾਰੇ ਸੰਭਾਵਿਤ ਅਣਚਾਹੇ ਅਸਰ ਨਹੀਂ ਹਨ ਜੋ ਤੁਸੀਂ RUXIENCE ਲੈਂਦੇ ਸਮੇਂ ਮਹਿਸੂਸ ਕਰ ਸਕਦੇ ਹੋ। ਜੇ ਤੁਹਾਨੂੰ ਕਿਸੇ ਅਜਿਹੇ ਅਣਚਾਹੇ ਅਸਰਾਂ ਦਾ ਤਜ਼ਰਬਾ ਹੁੰਦਾ ਹੈ ਜੋ ਏਥੇ ਨਹੀਂ ਦੱਸੇ ਗਏ ਹਨ, ਤਾਂ ਆਪਣੇ ਸਿਹਤ-ਸੰਭਾਲ ਪ੍ਰੋਫੈਸ਼ਨਲ ਨਾਲ ਸੰਪਰਕ ਕਰੋ। ਜੇਕਰ ਤੁਸੀਂ RUXIENCE ਨਾਲ ਇਲਾਜ ਪ੍ਰਾਪਤ ਕਰਨ ਦੌਰਾਨ ਠੀਕ ਮਹਿਸੂਸ ਨਹੀਂ ਕਰਦੇ ਤਾਂ ਜਿੰਨੀ ਜਲਦੀ ਹੋ ਸਕੇ ਆਪਣੇ ਡਾਕਟਰ, ਨਰਸ, ਜਾਂ ਫਾਰਮਾਸਿਸਟ ਨੂੰ ਦੱਸੋ।

ਸਭ ਤੋਂ ਵੱਧ ਆਮ ਸੰਭਾਵਿਤ ਅਣਚਾਹੇ ਅਸਰ ਹਨ ਇਨਫਿਊਜ਼ਨ ਨਾਲ ਸਬੰਧਿਤ ਘਟਨਾਵਾਂ:

- ਬੁਖਾਰ ਅਤੇ ਕੰਬਣੀ
- ਜੀਅ ਕੱਚਾ ਹੋਣਾ, ਉਲਟੀ ਆਉਣਾ, ਥਕਾਵਟ (ਥੱਕੇ ਜਾਂ ਕਮਜ਼ੋਰ ਮਹਿਸੂਸ ਕਰਨਾ), ਸਿਰਦਰਦ, ਚਮੜੀ 'ਤੇ ਧੱਫੜ ਹੋਣੇ, ਚਮੜੀ ਦਾ ਲਾਲ ਹੋਣਾ, ਖਾਰਸ਼ ਹੋਣੀ, ਛਾਤੀ ਵਿੱਚੋਂ ਸੀਟੀਆਂ ਵੱਜਣ ਵਰਗੀ ਆਵਾਜ਼ ਆਉਣਾ ਜਾਂ ਛਾਤੀ ਵਿੱਚ ਜਕੜਨ, ਸਾਹ ਦੀ ਕਮੀ, ਸਾਹ ਲੈਣ ਵਿੱਚ ਮੁਸ਼ਕਿਲ, ਜੀਭ ਜਾਂ ਗਲ਼ੇ ਦੀ ਸੋਜਸ਼ ਦਾ ਅਹਿਸਾਸ, ਗਲ਼ੇ ਦੀ ਜਲਣ, ਰਾਈਨਾਈਟਸ (ਵਗਦਾ ਨੱਕ), ਅਸਥਾਈ ਤੌਰ 'ਤੇ ਘੱਟ ਬਲੱਡ ਪ੍ਰੈਸ਼ਰ, ਹਾਈ ਬਲੱਡ ਪ੍ਰੈਸ਼ਰ, ਲਾਲੀ, ਖੜ੍ਹੇ ਹੋਣ 'ਤੇ ਚੱਕਰ ਆਉਣੇ, ਦਿਲ ਦੀ ਤੇਜ਼ ਧੜਕਣ, ਛਾਤੀ ਵਿੱਚ ਦਰਦ, ਮੂੰਹ/ਗਲ਼ੇ ਵਿੱਚ ਦਰਦ, ਅਤੇ ਹੱਥਾਂ ਅਤੇ ਪੈਰਾਂ ਦੀ ਸੋਜਿਸ਼।

ਜੇਕਰ ਇਹ ਅਣਚਾਹੇ ਅਸਰ ਵਾਪਰਦੇ ਹਨ, ਤਾਂ ਇਹ ਪਹਿਲੀ ਇਨਫਿਊਜ਼ਨ ਸ਼ੁਰੂ ਕਰਨ ਦੇ 30 ਮਿੰਟਾਂ ਤੋਂ ਲੈਕੇ 2 ਘੰਟਿਆਂ ਦੇ ਅੰਦਰ ਸਭ ਤੋਂ ਵੱਧ ਆਮ ਹੁੰਦਾ ਹੈ ਪਰ ਇਨਫਿਊਜ਼ਨ ਦੇ ਖ਼ਤਮ ਹੋਣ ਤੋਂ ਬਾਅਦ ਵੀ ਵਾਪਰ ਸਕਦਾ ਹੈ। ਲੱਛਣ ਆਮ ਤੌਰ 'ਤੇ ਹਲਕੇ ਤੋਂ ਔਸਤਨ ਹੁੰਦੇ ਹਨ, ਜਿੰਨ੍ਹਾਂ ਦਾ ਆਸਾਨੀ ਨਾਲ ਇਲਾਜ ਕੀਤਾ ਜਾ ਸਕਦਾ ਹੈ। ਖਾਸ ਮੌਕਿਆਂ 'ਤੇ, ਇਹ ਰੀਐਕਸ਼ਨ ਜ਼ਿਆਦਾ ਹੋ ਸਕਦੇ ਹਨ। ਇਹ ਅਣਚਾਹੇ ਅਸਰ ਪਹਿਲੇ ਇਲਾਜ ਦੇ ਬਾਅਦ ਘੱਟ ਆਮ ਹੁੰਦੇ ਹਨ।

ਇਹਨਾਂ ਅਣਚਾਹੇ ਅਸਰਾਂ ਦੀ ਰੋਕਥਾਮ ਜਾਂ ਪ੍ਰਬੰਧਨ ਹੇਠ ਲਿਖੇ ਅਨੁਸਾਰ ਕੀਤੀ ਜਾ ਸਕਦੀ ਹੈ:

- RUXIENCE ਦੇ ਤੁਹਾਡੇ ਇਨਫਿਊਜ਼ਨ ਨੂੰ ਧੀਮਾ ਕਰਨਾ ਜਾਂ ਇਸ ਵਿੱਚ ਵਿਘਨ ਪਾਉਣਾ। ਇੱਕ ਵਾਰ ਜਦੋਂ ਲੱਛਣ ਠੀਕ ਹੋ ਜਾਂਦੇ ਹਨ ਤਾਂ ਇਲਾਜ ਨੂੰ ਦੁਬਾਰਾ ਸ਼ੁਰੂ ਕੀਤਾ ਜਾ ਸਕਦਾ ਹੈ।
- RUXIENCE ਦੇ ਹਰੇਕ ਇਨਫਿਊਜ਼ਨ ਤੋਂ ਪਹਿਲਾਂ ਬੁਖਾਰ ਘੱਟ ਕਰਨ ਵਾਲਾ ਇੱਕ ਦਵਾਈ ਦੇਣਾ, ਜਿਵੇਂ ਕਿ TYLENOL® ਜਾਂ ਇੱਕ ਐਂਟੀਹਿਸਟਾਮਾਈਨ, ਜਿਵੇਂ ਕਿ BENADRYL®। ਕਈ ਵਾਰ ਇਹਨਾਂ ਅਣਚਾਹੇ ਅਸਰਾਂ ਦਾ ਇਲਾਜ ਕਰਨ ਲਈ ਵਧੀਕ ਦਵਾਈਆਂ ਦਿੱਤੇ ਜਾਣ ਦੀ ਲੋੜ ਪੈਂਦੀ ਹੈ।

<u>ਇਸ ਤੋਂ ਇਲਾਵਾ:</u>

- ਤੁਹਾਡਾ ਡਾਕਟਰ ਤੁਹਾਨੂੰ ਹਦਾਇਤ ਦੇ ਸਕਦਾ ਹੈ ਕਿ ਤੁਸੀਂ ਤੁਹਾਡੀ ਬਲੱਡ ਪ੍ਰੈਸ਼ਰ ਦੀ ਦਵਾਈ ਨੂੰ 12 ਘੰਟੇ ਪਹਿਲਾਂ ਨਾ ਲਵੋ ਅਤੇ ਲੈਣ ਵਿੱਚ ਦੇਰੀ ਕਰੋ ਜਦੋਂ ਤੱਕ ਕਿ RUXIENCE ਦਾ ਇਨਫਿਊਜ਼ਨ ਪੂਰਾ ਨਹੀਂ ਹੋ ਜਾਂਦਾ। ਕਿਰਪਾ ਕਰਕੇ ਵਿਸ਼ੇਸ਼ ਹਦਾਇਤਾਂ ਵਾਸਤੇ ਆਪਣੇ ਡਾਕਟਰ ਨੂੰ ਪੁੱਛੋ। ਕਿਰਪਾ ਕਰਕੇ ਵਿਸ਼ੇਸ਼ ਹਦਾਇਤਾਂ ਵਾਸਤੇ ਆਪਣੇ ਡਾਕਟਰ ਨੂੰ ਪੁੱਛੋ।
- ਕਿਉਂਕਿ RUXIENCE ਨਾਲ ਦਿੱਤੀਆਂ ਗਈਆਂ ਕੁਝ ਦਵਾਈਆਂ ਕੁਝ ਚੱਕਰ ਆਉਣ ਜਾਂ ਊਂਘ ਦਾ ਕਾਰਨ ਬਣ ਸਕਦੀਆਂ ਹਨ, ਇਸ ਲਈ ਤੁਹਾਨੂੰ ਹਰ ਇਲਾਜ ਦੇ ਬਾਅਦ ਕਿਸੇ ਹੋਰ ਦੁਆਰਾ ਤੁਹਾਨੂੰ ਘਰ ਲੈ ਜਾਣ ਦਾ ਬੰਦੋਬਸਤ ਕਰਨਾ ਚਾਹੀਦਾ ਹੈ।

ਉੱਪਰ ਵਰਣਨ ਕੀਤੇ ਅਣਚਾਹੇ ਅਸਰਾਂ ਤੋਂ ਇਲਾਵਾ, ਕੁਝ ਮਾੜੀਆਂ ਘਟਨਾਵਾਂ ਦੀ ਪਛਾਣ ਕੀਤੀ ਗਈ ਹੈ ਜੋ GPA/MPA ਮਰੀਜ਼ਾਂ ਵਾਸਤੇ ਵਿਸ਼ੇਸ਼ ਹੁੰਦੀਆਂ ਹਨ, ਜਿਵੇਂ ਕਿ ਮਾਸਪੇਸ਼ੀਆਂ ਦੀਆਂ ਕੜਵੱਲਾਂ, ਲਿਵਰ ਦੇ ਪਾਚਕ ਰਸਾਂ ਵਿੱਚ ਵਾਧਾ, ਅਤੇ ਨੱਕ ਵਿੱਚੋਂ ਖ਼ੂਨ ਵਗਣਾ।

ਕੁਝ ਸੰਭਾਵੀ ਅਣਚਾਹੇ ਅਸਰ ਵੀ ਹਨ ਜੋ ਗੰਭੀਰ ਹੋ ਸਕਦੇ ਹਨ, ਪਰ ਇਹ ਘੱਟ ਆਮ ਤੌਰ 'ਤੇ ਵਾਪਰਦੇ ਹਨ।

ਕੁਝ ਕੁ ਮਰੀਜ਼ਾਂ ਨੂੰ ਇਲਾਜ ਦੇ ਬਾਅਦ ਇਨਫੈਕਸ਼ਨ ਹੋ ਜਾਂਦੀ ਹੈ। ਅਕਸਰ ਇਹ ਜ਼ੁਕਾਮ ਹੁੰਦੇ ਹਨ, ਪਰ ਇਹ ਨਮੂਨੀਆ ਜਾਂ ਪਿਸ਼ਾਬ ਦੀਆਂ ਇਨਫੈਕਸ਼ਨਾਂ ਹੋ ਸਕਦੀਆਂ ਹਨ। ਕੁਝ ਹੋਰ ਪ੍ਰਭਾਵ ਹੋ ਸਕਦੇ ਹਨ ਪਰ ਇਹਨਾਂ ਦੀ ਸੰਭਾਵਨਾ ਘੱਟ ਹੁੰਦੀ ਹੈ, ਜਿੰਨ੍ਹਾਂ ਵਿੱਚ ਸ਼ਾਮਲ ਹਨ ਪੇਟ, ਪਿੱਠ, ਛਾਤੀ, ਮਾਸਪੇਸ਼ੀਆਂ ਅਤੇ/ਜਾਂ ਜੋੜਾਂ ਵਿੱਚ ਦਰਦ, ਜਾਂ ਇਨਫਿਊਜ਼ਨ ਵਾਲੀ ਜਗ੍ਹਾ 'ਤੇ ਦਰਦ, ਬਿਮਾਰ ਮਹਿਸੂਸ ਕਰਨਾ, ਖ਼ੂਨ ਦੇ ਦਬਾਓ ਵਿੱਚ ਤਬਦੀਲੀਆਂ, ਦਿਲ ਦੀ ਧੜਕਣ ਵਿੱਚ ਤਬਦੀਲੀਆਂ, ਦਸਤ, ਬਦਹਜ਼ਮੀ, ਕੜਵੱਲ, ਚੱਕਰ ਆਉਣੇ, ਕੀੜੀਆਂ ਲੜਨੀਆਂ ਜਾਂ ਸੁੰਨ ਹੋਣਾ, ਚਿੰਤਾ ਜਾਂ ਘਬਰਾਹਟ, ਖੰਘ, ਪਾਣੀ ਵਰਗੀਆਂ ਜਾਂ ਅੱਖਾਂ ਵਿੱਚ ਖਾਰਸ਼, ਵਗਣਾ ਜਾਂ ਨੱਕ ਵਿੱਚ ਖਾਰਸ਼, ਪਸੀਨਾ ਆਉਣਾ, ਜਾਂ ਸਾਈਨੂਸਾਈਟਸ।

ਕੁਝ ਕੁ ਮਰੀਜ਼ਾਂ ਵਿੱਚ ਖ਼ੂਨ ਦੇ ਟੈਸਟਾਂ ਵਿੱਚ ਕੁਝ ਤਬਦੀਲੀਆਂ ਵੀ ਹੁੰਦੀਆਂ ਹਨ, ਜਿੰਨ੍ਹਾਂ ਵਿੱਚ ਲਾਲ ਸੈੱਲਾਂ, ਸਫੇਦ ਸੈੱਲਾਂ, ਜਾਂ ਦੋਨਾਂ ਦੀ ਸੰਖਿਆ ਵਿੱਚ ਕਮੀ ਵੀ ਸ਼ਾਮਲ ਹੈ। ਤੀਬਰ ਪਰ ਬਹੁਤ ਘੱਟ ਹੋਣ ਵਾਲੇ ਰੀਐਕਸ਼ਨ, ਖਾਸ ਕਰਕੇ ਸਾਹ ਲੈਣ ਵਿੱਚ ਜਿਆਦਾ ਮੁਸ਼ਕਿਲਾਂ ਅਤੇ ਚਮੜੀ ਦੀਆਂ ਤੀਬਰ ਰੀਐਕਸ਼ਨ ਜਿੰਨ੍ਹਾਂ ਵਿੱਚ ਛਾਲੇ ਵੀ ਸ਼ਾਮਲ ਹਨ, ਘਾਤਕ ਹੋ ਸਕਦੀਆਂ ਹਨ। ਇਸੇ ਕਰਕੇ ਤੁਹਾਡੇ ਡਾਕਟਰ ਨੂੰ ਤੁਹਾਡੀ ਲਗਾਤਾਰ ਨਿਗਰਾਨੀ ਕਰਨੀ ਚਾਹੀਦੀ ਹੈ, ਅਤੇ ਜੇ ਤੁਹਾਨੂੰ ਸਾਹ ਲੈਣ ਵਿੱਚ ਮੁਸ਼ਕਿਲ ਅਤੇ ਚਮੜੀ ਦੇ ਕੋਈ ਰੀਐਕਸ਼ਨਾਂ ਦਾ ਤਜ਼ਰਬਾ ਹੁੰਦਾ ਹੈ ਤਾਂ ਤੁਹਾਡੇ ਵਾਸਤੇ ਤੁਰੰਤ ਆਪਣੇ ਡਾਕਟਰ ਨੂੰ ਦੱਸਣਾ ਮਹੱਤਵਪੂਰਨ ਹੈ।

ਕੁਝ ਕੁ ਮਰੀਜ਼ਾਂ ਵਿੱਚ ਸਰੀਰ ਦੇ ਇੱਕ ਪਾਸੇ ਵਧਦੀ ਕਮਜ਼ੋਰੀ, ਬੇਢਬਾਪਣ ਜਾਂ ਡਿੱਗ ਪੈਣਾ, ਸੋਚਣ ਜਾਂ ਯਾਦਦਾਸ਼ਤ ਵਿੱਚ ਸਮੱਸਿਆ, ਮਿਜ਼ਾਜ ਵਿੱਚ ਤਬਦੀਲੀਆਂ, ਜਾਂ ਦ੍ਰਿਸ਼ਟੀ ਵਿੱਚ ਤਬਦੀਲੀਆਂ ਵੀ ਹੁੰਦੀਆਂ ਹਨ। ਤੁਹਾਨੂੰ ਇਹਨਾਂ ਦੀ ਰਿਪੋਰਟ ਤੁਰੰਤ ਆਪਣੇ ਡਾਕਟਰ ਨੂੰ ਕਰਨੀ ਚਾਹੀਦੀ ਹੈ।

ਜੇ ਤੁਸੀਂ ਹੋਰਨਾਂ ਦਵਾਈਆਂ ਦੇ ਸੁਮੇਲ ਨਾਲ RUXIENCE ਪ੍ਰਾਪਤ ਕਰ ਰਹੇ ਹੋ, ਤਾਂ ਕੁਝ ਕੁ ਅਣਚਾਹੇ ਅਸਰ ਜਿੰਨ੍ਹਾਂ ਦਾ ਤੁਹਾਨੂੰ ਤਜ਼ਰਬਾ ਹੋ ਸਕਦਾ ਹੈ ਉਹ ਹੋਰਨਾਂ ਦਵਾਈਆਂ ਕਰਕੇ ਹੋ ਸਕਦੇ ਹਨ।

RUXIENCE ਦੇ ਸੰਭਾਵੀ ਅਣਚਾਹੇ ਅਸਰਾਂ ਬਾਰੇ ਵਧੇਰੇ ਜਾਣਕਾਰੀ ਵਾਸਤੇ, ਕਿਰਪਾ ਕਰਕੇ ਤੁਹਾਡੀ ਸਿਹਤ-ਸੰਭਾਲ ਟੀਮ ਵੱਲੋਂ ਪ੍ਰਦਾਨ ਕੀਤੇ ਮਰੀਜ਼ ਜਾਣਕਾਰੀ ਕਿਤਾਬਚੇ ਨੂੰ ਦੇਖੋ।

ਜੇ ਤੁਹਾਨੂੰ ਕੋਈ ਮੁਸ਼ਕਿਲ ਲੱਛਣ ਜਾਂ ਅਣਚਾਹਿਆ ਅਸਰ ਹੈ ਜੋ ਏਥੇ ਨਹੀਂ ਦਿੱਤਾ ਗਿਆ ਹੈ ਜਾਂ ਏਨਾ ਕੁ ਬੁਰਾ ਹੋ ਜਾਂਦਾ ਹੈ ਕਿ ਤੁਹਾਡੇ ਰੋਜ਼ਾਨਾ ਕੰਮਕਾਰ ਵਿੱਚ ਦਖਲ-ਅੰਦਾਜ਼ੀ ਕਰ ਸਕਦਾ ਹੈ ਤਾਂ ਆਪਣੇ ਸਿਹਤ-ਸੰਭਾਲ ਪ੍ਰੋਫੈਸ਼ਨਲ ਨਾਲ ਗੱਲ ਕਰੋ।

# ਮਹੱਤਵਪੂਰਨ ਸੁਰੱਖਿਆ ਜਾਣਕਾਰੀ

## *ਗੰਭੀਰ ਚੇਤਾਵਨੀਆਂ ਅਤੇ ਸਾਵਧਾਨੀਆਂ*

RUXIENCE ਨਾਲ ਕਈ ਸਾਰੇ ਅਣਚਾਹੇ ਅਸਰ ਜੁੜੇ ਹੋਏ ਹਨ; ਕੁਝ ਕੁ ਤੀਬਰ ਅਤੇ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੇ ਹੋ ਸਕਦੇ ਹਨ। ਇਸ ਦਵਾਈ ਦੀ ਵਰਤੋਂ ਕੇਵਲ ਜੋੜਾਂ ਦੇ ਗਠੀਏ (ਰੂਮੇਟੋਇਡ ਆਰਥਾਰਾਇਟਸ) ਦੇ ਇਲਾਜ ਲਈ ਤਜ਼ਰਬੇਕਾਰ ਸਿਹਤ ਪ੍ਰੋਫ਼ੈਸ਼ਨਲਾਂ ਵੱਲੋਂ ਹੀ ਅਜਿਹੀ ਸਥਿਤੀ ਵਿੱਚ ਕੀਤੀ ਜਾਣੀ ਚਾਹੀਦੀ ਹੈ ਜਿੱਥੇ ਕਿਸੇ ਐਲਰਜੀ ਵਾਲੇ ਰੀਐਕਸ਼ਨ ਦੀ ਸੂਰਤ ਵਿੱਚ ਦਵਾਈ ਅਤੇ ਸਹਾਇਤਾਕਾਰੀ ਸੰਭਾਲ ਦੇ ਉਪਾਅ ਤੁਰੰਤ ਉਪਲਬਧ ਹੋਣ।

ਤੁਹਾਡੇ ਇਨਫਿਊਜ਼ਨ ਦੌਰਾਨ ਜਾਂ ਤੁਹਾਡੇ RUXIENCE ਦੇ ਇਨਫਿਊਜ਼ਨ ਦੇ 24 ਘੰਟਿਆਂ ਦੇ ਅੰਦਰ ਗੰਭੀਰ ਇਨਫਿਊਜ਼ਨ ਰੀਐਕਸ਼ਨ ਹੋ ਸਕਦੇ ਹਨ।

ਹੈਪਾਟਾਈਟਸ ਬੀ ਵਾਇਰਸ ਦੀ ਇਨਫੈਕਸ਼ਨ ਦਾ ਮੁੜ ਵਾਪਰਨਾ ਉਹਨਾਂ ਮਰੀਜ਼ਾਂ ਵਿੱਚ ਹੋਇਆ ਹੈ ਜੋ ਖ਼ੂਨ ਦੇ ਟੈਸਟ ਵਿੱਚ ਵਾਇਰਸ ਦੇ ਸਬੂਤ ਦਿਖਾਉਂਦੇ ਹਨ। ਇਹ ਸਲਾਹ ਦਿੱਤੀ ਜਾਂਦੀ ਹੈ ਕਿ ਸਾਰੇ ਮਰੀਜ਼ਾਂ ਨੂੰ RUXIENCE ਨਾਲ ਇਲਾਜ ਸ਼ੁਰੂ ਕਰਨ ਤੋਂ ਪਹਿਲਾਂ ਹੈਪਾਟਾਈਟਸ ਬੀ ਵਾਇਰਸ ਦੀ ਇਨਫੈਕਸ਼ਨ ਲਈ ਟੈਸਟ ਕੀਤਾ ਜਾਵੇ।

RUXIENCE ਦੇ ਨਾਲ ਇਲਾਜ ਦੇ ਦੌਰਾਨ ਜਾਂ ਇਸਦੇ ਬਾਅਦ ਵੀ ਗੰਭੀਰ, ਜਿਸ ਵਿੱਚ ਘਾਤਕ ਵੀ ਸ਼ਾਮਲ ਹਨ, ਇਨਫੈਕਸ਼ਨਾਂ ਹੋ ਸਕਦੀਆਂ ਹਨ। ਦਿਮਾਗ ਦੀ ਇੱਕ ਬਹੁਤ ਹੀ ਘੱਟ ਹੋਣ ਵਾਲੀ ਇਨਫੈਕਸ਼ਨ ਜਿਸਨੂੰ JC ਵਾਇਰਸ ਕਹਿੰਦੇ ਹਨ, ਜੋ ਪ੍ਰੋਗਰੈਸਿਵ ਮਲਟੀਫੋਕਲ ਲਿਊਕੋਇਨਸੈਫਲੋਪੈਥੀ (PML) ਅਤੇ ਮੌਤ ਦਾ ਕਾਰਨ ਬਣਦੀ ਹੈ, ਦੀ ਰਿਪੋਰਟ RUXIENCE ਨਾਲ ਇਲਾਜ ਕੀਤੇ ਗਏ ਸਵੈ-ਪ੍ਰਤੀਰੋਧੀ ਬਿਮਾਰੀਆਂ ਵਾਲੇ ਮਰੀਜ਼ਾਂ ਵਿੱਚ ਕੀਤੀ ਗਈ ਹੈ। ਇਹ ਭਵਿੱਖਬਾਣੀ ਕਰਨਾ ਮੁਸ਼ਕਿਲ ਹੈ ਕਿ ਕਿਸਨੂੰ PML ਹੋਵੇਗਾ, ਪਰ ਕਮਜ਼ੋਰ ਪ੍ਰਤੀਰੋਧਤਾ ਪ੍ਰਣਾਲੀਆਂ ਵਾਲੇ ਲੋਕਾਂ ਵਿੱਚ ਇਹ ਵਧੇਰੇ ਆਮ ਹੈ।

ਚਮੜੀ ਦੇ ਤੀਬਰ ਰੀਐਕਸ਼ਨ, ਜਿਵੇਂ ਕਿ ਟੌਕਸਿਕ ਐਪੀਡਰਮਲ ਨੈਕਰੋਲਿਸਿਸ (TEN) ਅਤੇ ਸਟੀਵਨਜ਼-ਜੌਹਨਸਨ ਸਿੰਡਰੋਮ (SJS), ਦੀ ਰਿਪੋਰਟ ਬਹੁਤ ਹੀ ਘੱਟ ਮੌਕਿਆਂ 'ਤੇ ਕੀਤੀ ਗਈ ਹੈ। ਕੁਝ ਮਾਮਲਿਆਂ ਦਾ ਨਤੀਜਾ ਮੌਤ ਦੇ ਰੂਪ ਵਿੱਚ ਨਿਕਲਿਆ ਹੈ।

RUXIENCE ਨਾਲ ਇਲਾਜ ਦੇ ਬਾਅਦ ਬਹੁਤ ਹੀ ਘੱਟ ਮੌਕਿਆਂ 'ਤੇ ਗੰਭੀਰ ਅਤੇ ਸੰਭਾਵਿਤ ਤੌਰ 'ਤੇ ਘਾਤਕ ਕਾਰਡਿਓਵੈਸਕੁਲਰ ਘਟਨਾਵਾਂ ਦੀ ਰਿਪੋਰਟ ਕੀਤੀ ਗਈ ਹੈ।



## ਮੇਰੀ ਅਗਲੀ ਮੁਲਾਕਾਤ ਵਾਸਤੇ ਤਿਆਰੀ ਕਰਨਾ

ਜੇਕਰ ਇਲਾਜ ਬਾਰੇ ਤੁਹਾਡੇ ਕੋਈ ਸ਼ੰਕੇ ਹਨ ਤਾਂ ਸਵਾਲ ਪੁੱਛਣਾ ਅਤੇ ਆਪਣੀ ਸਿਹਤ-ਸੰਭਾਲ ਟੀਮ ਨੂੰ ਦੱਸਣਾ ਜ਼ਰੂਰੀ ਹੈ। ਆਪਣੀਆਂ ਅਗਲੀਆਂ ਮੁਲਾਕਾਤਾਂ ਵਿੱਚੋਂ ਕਿਸੇ ਵੀ ਮੌਕੇ ਹੇਠਾਂ ਦਿੱਤੀ ਜਗ੍ਹਾ ਦੀ ਵਰਤੋਂ ਕਿਸੇ ਵੀ ਅਜਿਹੀ ਚੀਜ਼ ਨੂੰ ਲਿਖਣ ਲਈ ਕਰੋ ਜੋ ਤੁਸੀਂ ਆਪਣੀ ਟੀਮ ਨਾਲ ਲਿਆਉਣਾ ਚਾਹੋਂਗੇ।

1. ______________________________

2. ______________________________

3. ______________________________

4. ______________________________

5. ______________________________

6. ______________________________

7. ______________________________

8. ______________________________

9. ______________________________

10. ______________________________



## *ਮੇਰੀ ਸਿਹਤ-ਸੰਭਾਲ ਟੀਮ ਦੀ ਸੰਪਰਕ ਜਾਣਕਾਰੀ*

| | |
|---|---|
| ਫੋਨ ਨੰਬਰ: ______________ | ਫੋਨ ਨੰਬਰ: ______________ |
| ਫੋਨ ਨੰਬਰ: ______________ | ਫੋਨ ਨੰਬਰ: ______________ |
| ਫੋਨ ਨੰਬਰ: ______________ | ਫੋਨ ਨੰਬਰ: ______________ |
| ਫੋਨ ਨੰਬਰ: ______________ | ਫੋਨ ਨੰਬਰ: ______________ |
| ਫੋਨ ਨੰਬਰ: ______________ | ਫੋਨ ਨੰਬਰ: ______________ |



## ਸਹਾਇਤਾ ਮਦਦ ਕਰ ਸਕਦੀ ਹੈ

ਜੇ ਤੁਸੀਂ ਸੋਚਦੇ ਹੋ ਕਿ ਕੋਈ ਸਹਾਇਤਾ ਗਰੁੱਪ ਤੁਹਾਡੇ ਵਾਸਤੇ ਮਦਦਗਾਰੀ ਹੋ ਸਕਦਾ ਹੈ, ਤਾਂ ਆਪਣੀ ਸਿਹਤ-ਸੰਭਾਲ ਟੀਮ ਨੂੰ ਆਪਣੇ ਖੇਤਰ ਵਿਚਲੇ ਸਹਾਇਤਾ ਗਰੁੱਪਾਂ ਬਾਰੇ ਪੁੱਛੋ।

## ਹੋਰ ਸ੍ਰੋਤ

ਆਰਥਰਾਈਟਸ ਰਿਸਰਚ ਫਾਊਂਡੇਸ਼ਨ

1998 ਵਿੱਚ ਸਥਾਪਤ ਕੀਤੀ ਗਈ, ਆਰਥਰਾਈਟਸ ਰਿਸਰਚ ਫਾਊਂਡੇਸ਼ਨ ਗਠੀਏ ਵਾਸਤੇ ਫ਼ੰਡ ਇਕੱਠੇ ਕਰਦੀ ਹੈ ਅਤੇ ਨਿਵੇਸ਼ ਕਰਦੀ ਹੈ। ਇਸ ਤੋਂ ਇਲਾਵਾ, ਅਸੀਂ ਇਸ ਬਿਮਾਰੀ ਬਾਰੇ ਜਾਗਰੂਕਤਾ ਵਧਾਉਣ ਲਈ ਕੋਸ਼ਿਸ਼ ਕਰਦੇ ਹਾਂ।

www.beatarthritis.ca 'ਤੇ ਜਾਓ ਜਾਂ 1-416-586-3224 'ਤੇ ਕਾਲ ਕਰੋ

ਆਰਥਰਾਈਟਸ ਰਿਸਰਚ ਸੈਂਟਰ ਆਫ਼ ਕੈਨੇਡਾ (ARC)

ਆਰਥਰਾਈਟਸ ਰਿਸਰਚ ਕੈਨੇਡਾ ਉੱਤਰੀ ਅਮਰੀਕਾ ਵਿੱਚ ਗਠੀਏ ਬਾਰੇ ਸਭ ਤੋਂ ਵੱਡਾ ਕਲੀਨਿਕੀ ਖੋਜ ਕੇਂਦਰ ਹੈ, ਜੋ ਗਠੀਏ ਬਾਰੇ ਖੋਜ ਨੂੰ ਸਮਝਣ ਅਤੇ ਸਾਂਝਾ ਕਰਨ ਲਈ ਸਮਰਪਿਤ ਹੈ।

ww.arthritisresearch.ca 'ਤੇ ਜਾਓ ਜਾਂ 1-604-207-0400 'ਤੇ ਕਾਲ ਕਰੋ।

ਆਰਥਰਾਈਟਸ ਫਾਊਂਡੇਸ਼ਨ

ਆਰਥਰਾਈਟਸ ਫਾਊਂਡੇਸ਼ਨ ਸਾਂਝੇ ਕੀਤੇ ਤਜ਼ਰਬਿਆਂ, ਜਾਣਕਾਰੀ ਨੂੰ ਸ਼ਕਤੀ-ਸੰਪੰਨ ਬਣਾਉਣ, ਅਤੇ ਮਤਲਬ-ਭਰਪੂਰ ਕਨੈਕਸ਼ਨਾਂ ਰਾਹੀਂ ਸਹਾਇਤਾ ਦੇ ਇੱਕ ਨੈੱਟਵਰਕ ਦੀ ਸਿਰਜਣਾ ਕਰਦੀ ਹੈ। ਚਾਹੇ ਇਹ ਔਨਲਾਈਨ ਹੋਵੇ ਜਾਂ ਨਿੱਜੀ ਤੌਰ 'ਤੇ, ਅਸੀਂ ਸਾਰੇ ਸ੍ਰੋਤਾਂ ਅਤੇ ਖੋਜ ਨੂੰ ਉਤਸ਼ਾਹਤ ਕਰਨ ਲਈ, ਅਤੇ ਭਾਈਚਾਰਕ ਸਬੰਧਾਂ ਦੀ ਸਿਰਜਣਾ ਕਰਨ ਲਈ ਮਿਲਕੇ ਕੰਮ ਕਰ ਰਹੇ ਹਾਂ।

www.arthritis.org 'ਤੇ ਜਾਓ ਜਾਂ 1-800-283-7800 'ਤੇ ਕਾਲ ਕਰੋ।

ਆਰਥਰਾਈਟਸ ਬ੍ਰੌਡਕਾਸਟ ਨੈੱਟਵਰਕ

ਆਰਥਰਾਈਟਿਸ ਕੰਜ਼ਿਊਮਰ ਐਕਸਪਰਟਸ ਅਤੇ ਆਰਥਰਾਈਟਸ ਰਿਸਰਚ ਕੈਨੇਡਾ ਦੀ ਅਗਵਾਈ ਵਿੱਚ, ਆਰਥਰਾਈਟਸ ਬ੍ਰੌਡਕਾਸਟ ਨੈੱਟਵਰਕ (ABN) ਗਠੀਆ ਭਾਈਚਾਰੇ ਲਈ ਉਹਨਾਂ ਦੇ ਗਠੀਏ ਬਾਰੇ ਖਬਰਾਂ, ਜਾਣਕਾਰੀ ਅਤੇ ਕਹਾਣੀਆਂ ਨੂੰ ਸਾਂਝਾ ਕਰਨ ਲਈ ਇੱਕ ਮਲਟੀ-ਮੀਡੀਆ ਪਲੇਟਫਾਰਮ ਹੈ।

www.arthritisbroadcastnetwork.org. 'ਤੇ ਜਾਓ।

**Joint Health™**

ਆਰਥਰਾਈਟਿਸ ਕੰਜ਼ਿਊਮਰ ਐਕਸਪਰਟਸ (ACE) ਇੱਕ ਰਾਸ਼ਟਰੀ, ਰੋਗੀ-ਅਗਵਾਈ ਵਾਲੀ ਸੰਸਥਾ ਹੈ ਜੋ ਗਠੀਏ ਵਾਲੇ ਲੋਕਾਂ ਨੂੰ ਦੋਵੇਂ ਸਰਕਾਰੀ ਭਾਸ਼ਾਵਾਂ ਵਿੱਚ ਮੁਫਤ, ਵਿਗਿਆਨ-ਅਧਾਰਿਤ ਜਾਣਕਾਰੀ ਅਤੇ ਸਿੱਖਿਆ ਪ੍ਰੋਗਰਾਮ ਪ੍ਰਦਾਨ ਕਰਦੀ ਹੈ।

www.jointhealth.org 'ਤੇ ਜਾਓ ਜਾਂ 1-604-974-1366 'ਤੇ ਕਾਲ ਕਰੋ।

ਇਸ ਪੰਨੇ 'ਤੇ ਸੁਝਾਏ ਗਏ ਸ੍ਰੋਤਾਂ ਦਾ ਮਤਲਬ ਤੀਜੀ-ਧਿਰ ਦੀਆਂ ਸੰਸਥਾਵਾਂ ਦੀ ਤਸਦੀਕ ਜਾਂ ਉਹਨਾਂ ਨਾਲ ਸਬੰਧ ਨਹੀਂ ਹੈ ਅਤੇ ਇਹਨਾਂ ਨੂੰ ਕੇਵਲ ਜਾਣਕਾਰੀ ਦੇ ਮਕਸਦਾਂ ਲਈ ਹੀ ਦਿੱਤਾ ਗਿਆ ਹੈ। Pfizer ਗੈਰ-Pfizer ਸਾਈਟਾਂ ਦੀ ਸਮੱਗਰੀ ਲਈ ਜ਼ਿੰਮੇਵਾਰ ਨਹੀਂ ਹੈ।

# ਨੋਟਸ

# ਨੋਟਸ

Support Program

# Pfizer**Flex**

ਵਿਸ਼ੇਸ਼ ਸਹਾਇਤਾ। ਪੂਰਨ ਨਿੱਜੀ।

PfizerFlex Support Program ਇੱਕ ਪੂਰਨ ਨਿੱਜੀ ਸੇਵਾ ਹੈ ਜਿਸਦਾ ਟੀਚਾ ਹੈ ਤੁਹਾਡੀ ਸਮੁੱਚੀ ਯਾਤਰਾ ਦੌਰਾਨ ਡਾਕਟਰੀ, ਵਿੱਤੀ, ਅਤੇ ਭਾਵਨਾਤਮਕ ਸਹਾਇਤਾ ਪ੍ਰਦਾਨ ਕਰਾਉਣਾ। ਇਹ ਸਹਾਇਤਾ ਪ੍ਰੋਗਰਾਮ ਜਾਣਕਾਰੀ ਅਤੇ ਨੁਕਤਿਆਂ ਦੇ ਨਾਲ ਨਾਲ ਵਧੀਕ ਸਰੋਤਾਂ ਦੀ ਪੇਸ਼ਕਸ਼ ਕਰਦਾ ਹੈ ਜੋ ਤੁਹਾਡੇ ਇਲਾਜ ਦੌਰਾਨ ਤੁਹਾਡੀ ਮਦਦ ਕਰ ਸਕਦੇ ਹਨ। ਇਸ ਸਹਾਇਤਾ ਪ੍ਰੋਗਰਾਮ ਦੁਆਰਾ ਪੇਸ਼ਕਸ਼ ਕੀਤੀਆਂ ਜਾਂਦੀਆਂ ਸੇਵਾਵਾਂ ਵਿੱਚ ਸ਼ਾਮਲ ਹਨ:

- ਆਪਰੇਸ਼ਨ ਦੇ ਸੁਵਿਧਾਜਨਕ ਘੰਟਿਆਂ ਦੇ ਨਾਲ **ਕਾਲ-ਸੈਂਟਰ ਸਹਾਇਤਾ** ਜਿੱਥੇ ਤੁਸੀਂ ਮਦਦ ਅਤੇ ਦਾਖਲੇ, ਦਵਾਈ ਤੱਕ ਪਹੁੰਚ, ਅਤੇ ਤੁਹਾਡੀ ਇਲਾਜ ਯੋਜਨਾ ਬਾਰੇ ਸਵਾਲਾਂ ਵਾਸਤੇ ਆਪਣੇ PfizerFlex ਕੇਅਰ ਕੋਚ ਨਾਲ ਸੰਪਰਕ ਕਰ ਸਕਦੇ ਹੋ
- **ਵਿੱਤੀ ਸਹਾਇਤਾ** ਵਾਸਤੇ ਤੁਹਾਡੇ ਵਿਕਲਪਾਂ ਦੀ ਪੜਚੋਲ ਕਰਨ ਵਿੱਚ ਮਦਦ
- ਘਰ ਅਤੇ ਕਾਰਜ-ਸਥਾਨ ਵਿੱਚ ਤੁਹਾਡੇ ਜੋੜਾਂ ਦੇ ਗਠੀਏ (RA) ਦਾ ਪ੍ਰਬੰਧਨ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ **ਜਾਣਕਾਰੀ ਅਤੇ ਜੀਵਨਸ਼ੈਲੀ ਨੁਕਤੇ**
- ਇਲਾਜ ਯੋਜਨਾ 'ਤੇ ਕਾਇਮ ਰਹਿਣ ਅਤੇ ਇੱਕ ਸਿਹਤਮੰਦ ਜੀਵਨਸ਼ੈਲੀ ਦੀ ਅਗਵਾਈ ਕਰਨ ਵਿੱਚ ਤੁਹਾਡੀ ਸਹਾਇਤਾ ਕਰਨ ਲਈ **ਮਦਦਗਾਰੀ ਟੂਲ**

ਵਧੇਰੇ ਜਾਣਕਾਰੀ ਵਾਸਤੇ ਜਾਂ ਰਜਿਸਟਰੇਸ਼ਨ ਲਈ, 1-855-935-3539 'ਤੇ ਕਾਲ ਕਰੋ ਜਾਂ ਫਿਰ www.pfizerflex.ca ਦੇਖੋ।

ਵਧੇਰੇ ਜਾਣਕਾਰੀ ਵਾਸਤੇ, ਕਿਰਪਾ ਕਰਕੇ mypfizer.ca ਨੂੰ ਦੇਖੋ

Pfizer

RUXIENCE® Pfizer Inc. ਦਾ ਇੱਕ ਟ੍ਰੇਡਮਾਰਕ ਹੈ। ਇਸਨੂੰ ਲਾਇਸੈਂਸ ਤਹਿਤ ਵਰਤਿਆ ਜਾਂਦਾ ਹੈ।
RITUXAN® Genentech, Inc. ਦਾ ਇੱਕ ਰਜਿਸਟਰਡ ਟ੍ਰੇਡਮਾਰਕ ਹੈ।
TYLENOL® Johnson & Johnson ਦਾ ਇੱਕ ਰਜਿਸਟਰਡ ਟ੍ਰੇਡਮਾਰਕ ਹੈ।
BENADRYL® Johnson & Johnson ਦਾ ਇੱਕ ਰਜਿਸਟਰਡ ਟ੍ਰੇਡਮਾਰਕ ਹੈ।
© 2022 Pfizer Canada ULC, Kirkland, Quebec H9J 2M5
PP-RIT-CAN-0073-PA

Pr Ruxience® rituximab